ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ, ਅਜੀਤਗੜ੍ਹ

(ਦਫਤਰੀ ਅਮਲਾ ਸਾਖਾ)

ਹੁਕਮ ਨੰ: 11/22-03 ਦਅ (1)

ਮਿਤੀ 30-12-2014

ਪੰਜਾਬ ਸਰਕਾਰ ਵਿੱਤ ਵਿਭਾਗ ਵਲੋਂ ਸਰਕਾਰੀ ਕਰਮਚਾਰੀਆਂ ਦੇ ਮਿਤੀ 01-01-06 ਤੋਂ ਸੋਧੇ ਹੋਏ ਤਨਖਾਹ ਸਕੇਲਾਂ ਵਿੱਚ ਪਹਿਲੇ 50% ਕਲਰਕਾਂ ਨੂੰ ਜੂਨੀਅਰ ਸਹਾਇਕ ਦਾ ਅਹੁੱਦਾ ਦਿੰਦੇ ਹੋਏ ਤਨਖਾਹ ਸਕੇਲ 5910-20200 ਦਿੱਤਾ ਗਿਆ ਹੈ ਅਤੇ ਸਰਕਾਰ ਦੇ ਪੱਤਰ ਮਿਤੀ 1-12-11 ਨੂੰ ਹੋਈ ਸੋਧ ਅਨੁਸਾਰ ਤਨਖਾਹ ਸਕੇਲ ਰੁਪੈ 10300-34800+3600 ਦਿੱਤਾ ਗਿਆ ਹੈ। ਪੰਜਾਬ ਸਿੱਖਿਆ ਵਿਭਾਗ ਦੇ ਅਧੀਨ ਦਫਤਰਾਂ ਵਿੱਚ ਕੰਮ ਕਰਦੇ ਕਲਰਕਾਂ ਦੀ 01-01-86, 01-01-2000 ਅਤੇ 30-04-2008 ਦੀ ਸੀਨੀਆਰਤਾ ਸੂਚੀ ਜੋ ਕਿ ਡਾਇਰੈਕਟੋਰੇਟ ਦੇ ਮੀਮੋ ਨੰ: 13/29-12 ਦਅ (1) ਮਿਤੀ 26-07-12 ਰਾਂਹੀ ਸਰਕੂਲੇਟ ਕੀਤੀ ਗਈ ਸੀ। ਇਸ ਸੀਨੀਆਰਤਾ ਸੂਚੀ ਵਿੱਚ ਹੇਠ ਲਿਖੇ ਅਨੁਸਾਰ ਸੀਨੀਆਰਤਾ ਤੇ ਦਰਜ ਕਰਮਚਾਰੀਆਂ ਨੂੰ ਦਰਸਾਈਆਂ ਗਈਆਂ ਮਿਤੀਆਂ ਤੋਂ ਜੂਨੀਅਰ ਸਹਾਇਕ ਦਾ ਅਹੁਦਾ ਪ੍ਰਦਾਨ ਕਰਦੇ ਹੋਏ ਤਨਖਾਹ ਸਕੇਲ 10300-34800+3600 ਰੀਲੀਜ ਕੀਤਾ ਜਾਂਦਾ ਹੈ :-

| ਸਾਲ ਅਤੇ ਮਿਤੀ | ਕੁੱਲ ਪੋਸਟਾਂ | ਕੁੱਲ ਪੋਸਟਾਂ ਦਾ 50% | ਜਿਸ ਸੀਨੀਆਰਤਾ ਨੰ: ਤੱਕ ਪਹਿਲਾਂ ਗ੍ਰੇਡ ਰੀਲੀਜ ਹੋ ਚੁੱਕਾ ਹੈ। | ਜਿੰਨੇ ਕਰਮਚਾਰੀ ਸਾਲ ਦੌਰਾਨ ਮੌਤ ਪੱਦਉਨਤ/ਰਿਟਾਇਰ | ਜਿਥੋਂ ਤੱਕ ਗ੍ਰੇਡ ਰੀਲੀਜ ਕੀਤਾ ਜਾਂਦਾ ਹੈ। /ਸੀਨੀਆਰਤਾ ਨੰ: |
|---|---|---|---|---|---|
| 01-01-2013 | 4090 | 2045 | 2486 | 106 | 2487 ਤੋਂ 2592 ਤੱਕ |
| 01-01-2014 | 4090 | 2045 | 2592 | 261 | 2593 ਤੋ 2853 ਤੱਕ |

ਸਰਤਾਂ :-

1. ਕਰਮਚਾਰੀਆਂ ਨੇ ਗ੍ਰੇਡ ਰੀਲੀਜ ਹੋਣ ਦੀ ਮਿਤੀ ਤੱਕ 5 ਸਾਲ ਦੀ ਸੇਵਾ ਮੁਕੰਮਲ ਕਰ ਲਈ ਹੋਵੇ।
2. ਸੀਨੀਆਰਤਾ ਸੂਚੀ ਵਿੱਚ ਫੇਰ ਬਦਲ ਹੋਣ ਦੀ ਸੂਰਤ ਵਿੱਚ ਇਹ ਹੁਕਮ ਸੋਧੇ ਜਾਣਗੇ।
3. ਸਬੰਧਤ ਮੰਡਲ/ਜਿਲ੍ਹਾ ਸਿੱਖਿਆ ਅਫਸਰ (ਸੈਸਿ) ਵਲੋਂ ਗ੍ਰੇਡ ਜਾਰੀ ਕਰਨ ਸਬੰਧੀ ਵਿਅਕਤੀਗਤ ਹੁਕਮ ਪਾਸ ਕੀਤੇ ਜਾਣਗੇ।
4. ਕਰਮਚਾਰੀ ਦੇ ਟਾਈਪ ਟੈਸਟ ਪਾਸ ਨਾ ਕਰਨ ਕਾਰਣ ਉਸਦੀ ਸਲਾਨਾ ਤਰੱਕੀ ਰੁਕੀ ਹੋਣ ਦੀ ਸੂਰਤ ਵਿੱਚ ਉਸਨੂੰ ਜੂਨੀਅਰ ਸਹਾਇਕ ਦਾ ਗ੍ਰੇਡ ਨਹੀ ਦਿੱਤਾ ਜਾਵੇਗਾ।
5. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਆਪਣੇ ਪੱਧਰ ਤੇ ਇਕੱਲਾ ਇਕੱਲਾ ਕੇਸ ਘੋਖਣ ਉਪਰੰਤ ਸਾਰੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਗ੍ਰੇਡ ਰੀਲੀਜ ਕਰਨਗੇ।

ਡਾ. ਕਮਲ ਕੁਮਾਰ

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ

ਪਿੱਠ ਅੰਕਣ ਨੰ: ਉਕਤ 180-86 ਮਿਤੀ 5/1/15

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਦਾਂ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ/ਐਸਿ) ਪੰਜਾਬ।
2. ਡਾਇਰੈਕਟਰ ਰਾਜ ਸਾਇੰਸ ਸਿੱਖਿਆ ਸੰਸਥਾ ਪੰਜਾਬ।
3. ਡਾਇਰੈਕਟਰ ਗਾਈਡੈਂਸ ਬਿਊਰੋ, ਪੰਜਾਬ।
4. ਤਕਨੀਕੀ ਸਲਾਹਕਾਰ, ਪੰਜਾਬ।
5. ਖੇਤੀਬਾੜੀ ਸਲਾਹਕਾਰ, ਪੰਜਾਬ।
6. ਮੰਡਲ ਸਿੱਖਿਆ ਅਫਸਰ ਨਾਭਾ,ਜਲੰਧਰ ਅਤੇ ਫਰੀਦਕੋਟ।
7. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ)।

ਅਮਲਾ ਅਫਸਰ